# 7

# ਬਪਤਿਸਮਾ ਅਤੇ ''ਮਸੀਹ ਨੂੰ ਪਹਿਨਣਾ''

*''ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ। ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ, ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿਚ ਇੱਕੋ ਹੀ ਹੋ। ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਵਚਨ ਦੇ ਅਨੁਸਾਰ ਅਧਕਾਰੀ ਹੋ''(ਗਲਾਤੀਆਂ 3:26-29)।*

ਬਾਈਬਲ ਵਿਚ ਸਭ ਤੋਂ ਮਹੱਤਤਾ ਵਾਲੇ ਸਬੰਧਾਂ ਵਿੱਚੋਂ ਇਕ ਖ਼ੁਦਾ ਦੀ ਸੰਤਾਨ ਹੋਣਾ ਦੱਸਿਆ ਗਿਆ ਹੈ। ਇਸ ਜ਼ਿੰਦਗੀ ਅਤੇ ਆਉਣ ਵਾਲੀ ਜ਼ਿੰਦਗੀ ਵਿਚ ਮਿਲਣ ਵਾਲੇ ਸਾਰੇ ਫ਼ਾਇਦੇ ਜੋ ਖ਼ੁਦਾ ਮੁਹੱਈਆ ਕਰਵਾਉਂਦਾ ਹੈ, ਇਸੇ ਸਬੰਧ ਤੇ ਟਿਕੇ ਹਨ (ਰੋਮੀਆਂ 8:17; ਗਲਾਤੀਆਂ 4:7)।

ਪੌਲੁਸ ਨੂੰ ਫ਼ਿਕਰ ਸੀ ਕਿਉਂਕਿ ਕੁਝ ਸਿਖਾਉਣ ਵਾਲੇ ਗਲਾਤੀਆ ਦੇ ਲੋਕਾਂ ਨੂੰ, ਬਚਾਏ ਜਾਣ ਅਤੇ ਯਿਸੂ ਦੇ ਖ਼ੁਦਾ ਦਾ ਪੁੱਤਰ ਹੋਣ ਦੀ ਗੱਲ ਤੇ ਪੁਰਾਣੇ ਨੇਮ ਦੀ ਸ਼ਰ੍ਹਾ ਤੇ ਭਰੋਸਾ ਰੱਖਣ ਲਈ ਗੁਮਰਾਹ ਕਰਨਾ ਚਾਹੁੰਦੇ ਸਨ। ਉਸਨੇ ਦੱਸਿਆ ਕਿ ਧਾਰਮਿਕਤਾ ਸ਼ਰ੍ਹਾ ਨਾਲ ਨਹੀਂ ਬਲਕਿ ਯਿਸੂ ਤੇ ਵਿਸ਼ਵਾਸ ਲਿਆਉਣ ਨਾਲ ਆਉਂਦੀ ਹੈ (ਗਲਾਤੀਆਂ 2:16)। ਸ਼ਰ੍ਹਾ ਵਿਚ ਕਿਰਪਾ ਨਹੀਂ ਸੀ ਜਿਸ ਨਾਲ ਸਾਨੂੰ ਧਰਮੀ ਠਹਿਰਾਇਆ ਜਾਂਦਾ ਹੈ; ਜੇ ਅਸੀਂ ਸ਼ਰ੍ਹਾ ਨਾਲ ਧਰਮੀ ਠਹਿਰ ਸਕਦੇ ਹੁੰਦੇ ਤਾਂ ਯਿਸੂ ਨੂੰ ਮਰਨ ਦੀ ਲੋੜ ਨਹੀਂ ਸੀ (2:21)।

ਖ਼ੁਦਾ ਨੇ ਸ਼ਰ੍ਹਾ ਦੇਣ ਤੋਂ ਪਹਿਲਾਂ, ਅਬਰਾਹਾਮ ਦੇ ਰਾਹੀਂ ਸਭ ਕੌਮਾਂ ਨੂੰ ਬਰਕਤ ਦੇਣ ਦਾ ਵਾਅਦਾ ਕੀਤਾ ਸੀ (ਗਲਾਤੀਆਂ 3:8; ਵੇਖੋ ਉਤਪਤ 12:3; 22:18)। ਸ਼ਰ੍ਹਾ ਨੇ ਬਰਕਤ ਨਹੀਂ ਬਲਕਿ ਇਸ ਨੂੰ ਮੰਨਣ ਨੂੰ ਵਾਲਿਆਂ ਨੂੰ ਸਰਾਪ ਹੀ ਦਿੱਤਾ ਸੀ, ਕਿਉਂਕਿ ਸ਼ਰ੍ਹਾ ਨੂੰ ਤੋੜਨ ਵਾਲਾ ਸਰਾਪਿਤ ਠਹਿਰਦਾ ਸੀ (3:10)। ਪਰ ਇਸ ਨਾਲ ਮਸੀਹ ਭਾਵ ਅਬਰਾਹਾਮ ਦੇ ਅੰਸ ਦੇ ਰਾਹੀਂ ਬਰਕਤ ਦੇਣ ਦਾ ਖ਼ੁਦਾ ਦਾ ਵਾਅਦਾ ਫ਼ਜ਼ੂਲ ਨਹੀਂ ਜਾਂਦਾ (3:16,17)। ਇਸਰਾਏਲੀਆਂ ਨੂੰ ਸ਼ਰ੍ਹਾ ਇਹ ਸਮਝਣ ਵਿਚ ਮਦਦ ਕਰਨ ਲਈ ਦਿੱਤੀ ਗਈ ਸੀ ਕਿ ਉਹ ਇਸ ਨੂੰ ਤੋੜਦੇ ਸਨ ਅਤੇ ਇਹ ਉਦੋਂ ਤਕ ਰਹਿਣੀ ਸੀ ਜਦ ਤਕ ਉਹ ਅੰਸ ਭਾਵ ਮਸੀਹ ਨਾ ਆ ਜਾਂਦਾ (3:19)।

ਸ਼ਰ੍ਹਾ ਵਿਚ ਅਜਿਹੇ ਪ੍ਰਬੰਧ ਹਨ ਕਿ ਉਨ੍ਹਾਂ ਨੂੰ ਤੋੜ ਕੇ ਧਰਮੀ ਨਹੀਂ ਬਲਕਿ ਸ਼ਰ੍ਹਾ ਨੂੰ ਤੋੜਨ ਵਾਲੇ ਬਣਦੇ ਹਨ। ਯਿਸੂ ਦੇ ਰਾਹੀਂ ਮੁਮਕਿਨ ਬਣਾਈ ਗਈ ਕਿਰਪਾ ਹੀ ਪਾਪੀਆਂ ਨੂੰ ਧਰਮੀ ਬਣਾ ਸਕਦੀ ਹੈ। ਜੇ ਸ਼ਰ੍ਹਾ ਨਾਲ ਜ਼ਿੰਦਗੀ ਮਿਲਣੀ ਮੁਮਕਿਨ ਹੁੰਦੀ ਤਾਂ ਧਾਰਮਿਕਤਾ ਵੀ ਸ਼ਰ੍ਹਾ ਦੇ ਰਾਹੀਂ ਹੀ ਮਿਲ ਸਕਦੀ ਸੀ (3:21)। ਸ਼ਰ੍ਹਾ ਦਾ ਪ੍ਰਬੰਧ ਜਿਸ ਨਾਲ ਕਿਰਪਾ ਨਾਲ ਛੇੜ-ਛਾੜ ਨਾ ਹੋਵੇ ਇਸਦੇ ਮਤਹਿਤ ਰਹਿਣ ਵਾਲੇ ਲੋਕਾਂ ਨੂੰ ਸਰਾਪ ਹੀ ਦੇ ਸਕਦੀ ਸੀ, ਕਿਉਂਕਿ ਅਜਿਹੇ ਪ੍ਰਬੰਧ ਦੇ ਅਧੀਨ ਰਹਿਣ ਵਾਲੇ ਤਾਂ ਹੀ ਧਰਮੀ ਠਹਿਰਾਏ ਜਾ ਸਕਦੇ ਹਨ ਜੇ ਉਹ ਸ਼ਰ੍ਹਾ ਦੀ ਇਕ ਗੱਲ ਵੀ ਨਾ ਤੋੜਨ (3:10)। ਸਾਡੇ ਵਿੱਚੋਂ ਕੋਈ ਵੀ ਆਪਣੇ ਪਾਪ ਦੇ ਕਾਰਣ ਸ਼ਰ੍ਹਾ ਨਾਲ

ਧਰਮੀ ਨਹੀਂ ਠਹਿਰਾਇਆ ਜਾ ਸਕਦਾ (3:21, 22; ਵੇਖੋ ਰੋਮੀਆਂ 3:23)। ਸ਼ਰ੍ਹਾ ਨੂੰ ਤੋੜਨ ਵਾਲੇ ਹੋਣ ਕਰਕੇ ਸਾਨੂੰ ਕਿਸੇ ਦੂਜੇ ਭਾਵ ਯਿਸੂ ਦੇ ਕੰਮ ਦੇ ਰਾਹੀਂ ਹੀ ਧਰਮੀ ਠਹਿਰਾਇਆ ਜਾ ਸਕਦਾ ਹੈ, ਜਿਸ ਤੇ ਸਾਡਾ ਨਿਰਭਰ ਹੋਣਾ ਲਾਜ਼ਮੀ ਹੈ (3:22)। ਸਖ਼ਤ ਨਿਯਮ ਦੇ ਪ੍ਰਬੰਧ ਦੇ ਅਧਾਰ ਤੇ ਅਸੀਂ ਆਪਣੇ ਕੰਮਾਂ ਤੇ ਨਿਰਭਰ ਨਹੀਂ ਰਹਿ ਸਕਦੇ।

ਮਸੀਹੀ ਅਤੇ ਗ਼ੈਰ ਮਸੀਹੀ ਦੋਹਾਂ ਨੂੰ ਹੀ ਸ਼ਰ੍ਹਾ ਦੇ ਜਵਾਬਦੇਹ ਹੋਣਾ ਜ਼ਰੂਰੀ ਹੈ, ਨਹੀਂ ਤਾਂ ਕੋਈ ਵੀ ਪਾਪੀ ਨਹੀਂ ਹੋ ਸਕਦਾ। ''ਜਿੱਥੇ ਸ਼ਰ੍ਹਾ ਨਹੀਂ ਉੱਥੇ ਉਲੰਘਣਾ ਵੀ ਨਹੀਂ'' (ਰੋਮੀਆਂ 4:15)। ਜਿੱਥੇ ਸ਼ਰ੍ਹਾ ਦਾ ਉਲੰਘਣ ਨਹੀਂ ਹੋਵੇਗਾ ਉੱਥੇ ਕਿਰਪਾ ਦੀ ਵੀ ਲੋੜ ਨਹੀਂ ਹੋਵੇਗੀ। ਮਸੀਹੀ ਯੁੱਗ ਵਿਚ ਅਸੀਂ ਮਸੀਹ ਦੀ ਸ਼ਰ੍ਹਾ ਦੇ ਅਧੀਨ ਹਾਂ (1 ਕੁਰਿੰਥੀਆਂ 9:21; ਗਲਾਤੀਆਂ 6:2)। ਸਾਨੂੰ ਉਸ ਕਿਰਪਾ ਨਾਲ ਵੀ ਜੋ ਯਿਸੂ ਦੇ ਰਾਹੀਂ ਪਹੁੰਚਾਈ ਗਈ, ਬਰਕਤ ਮਿਲੀ ਹੈ, ਭਾਵ ਉਸ ਕਿਰਪਾ ਨਾਲ ਜੋ ਸ਼ਰ੍ਹਾ ਦੇ ਰਾਹੀਂ ਨਹੀਂ ਮਿਲੀ ਸੀ (ਗਲਾਤੀਆਂ 5:4)। ਆਪਣੀ ਮੌਤ ਦੇ ਰਾਹੀਂ ਯਿਸੂ ਨੇ ਉਨ੍ਹਾਂ ਲੋਕਾਂ ਲਈ ਜੋ ਉਸ ਤੋਂ ਪਹਿਲਾਂ ਹੋਏ ਸਨ (ਇਬਰਾਨੀਆਂ 9:15) ਅਤੇ ਸੰਸਾਰ ਦੇ ਸਭ ਲੋਕਾਂ ਵਾਸਤੇ (1 ਯੂਹੰਨਾ 2:2) ਜਿਨ੍ਹਾਂ ਵਿਚ ਹਰ ਯੁੱਗ ਦੇ ਲੋਕ ਸ਼ਾਮਿਲ ਹਨ, ਕਿਰਪਾ ਪਹੁੰਚਾਈ।

ਸ਼ਰ੍ਹਾ ਦਾ ਮਕਸਦ ਯਿਸੂ ਦੀ ਸਾਡਾ ਮੁਕਤੀਦਾਤਾ ਹੋਣ ਦੀ ਲੋੜ ਨੂੰ ਸਮਝਾਉਣਾ ਸੀ (ਗਲਾਤੀਆਂ 3:24)। ਸ਼ਰ੍ਹਾ ਸਾਨੂੰ ਇਹ ਸਮਝਣ ਵਿਚ ਮਦਦ ਕਰਦੀ ਹੈ ਕਿ ਅਸੀਂ ਧਰਮ ਦੇ ਆਪਣੇ ਕੰਮਾਂ ਨਾਲ ਧਰਮੀ ਨਹੀਂ ਠਹਿਰਦੇ, ਸਿਰਫ ਉਸਦੇ (ਯਿਸੂ ਦੇ) ਦੇ ਕੰਮ ਵਿਚ ਯਕੀਨ ਨਾਲ ਹੀ ਧਰਮੀ ਬਣ ਸਕਦੇ ਹਾਂ। ਹੁਣ ਜਦ ਕਿ ਯਿਸੂ ਆ ਚੁੱਕਿਆ ਹੈ ਅਤੇ ਉਸ ਨੇ ਉਸ ਤੇ ਈਮਾਨ ਲਿਆ ਕੇ ਧਰਮੀ ਹੋਣਾ ਮੁਮਕਿਨ ਬਣਾ ਦਿੱਤਾ ਹੈ ਇਸ ਲਈ ਹੁਣ ਅਸੀਂ ''ਨਿਗਾਹਬਾਨ'' ਭਾਵ ਸ਼ਰ੍ਹਾ ਦੇ ਅਧੀਨ ਨਹੀਂ ਹਾਂ (3:25)।

ਸ਼ਰ੍ਹਾ ਵਿਚ ਸਿਰਫ਼ ਇਸਰਾਏਲ ਨੂੰ ਹੀ ਖ਼ੁਦਾ ਦੇ ਨੇਮ ਦੇ ਲੋਕਾਂ ਦੇ ਰੂਪ ਵਿਚ ਪਛਾਣ ਦਿੱਤੀ ਗਈ ਹੈ। ਹੁਣ ਸਭ ਲੋਕ ਭਾਵੇਂ ਉਹ ਯਹੂਦੀ ਹੋਣ ਜਾਂ ਗ਼ੈਰ ਯਹੂਦੀ, ਇੱਕੋ ਤਰ੍ਹਾਂ ਮਸੀਹ ਤੇ ਈਮਾਨ ਲਿਆ ਕੇ ਬਪਤਿਸਮਾ ਲੈ ਕੇ ਖ਼ੁਦਾ ਦੀ ਸੰਤਾਨ ਬਣ ਸਕਦੇ ਹਨ (3:26,27)। ਉਨ੍ਹਾਂ ਦੀ ਕੌਮ ਭਾਵੇਂ ਕੋਈ ਵੀ ਹੋਵੇ, ਸਮਾਜਿਕ ਪੱਧਰ ਕਿਹੋ ਜਿਹਾ ਵੀ ਹੋਵੇ, ਸਰੀਰਕ ਬਣਾਵਟ ਜੋ ਵੀ ਹੋਵੇ, ਅਸੀਂ ਸਭ ਮਸੀਹ ਵਿਚ ਖ਼ੁਦਾ ਦੀ ਸੰਤਾਨ ਹਾਂ (3:28)।

## ''ਮਸੀਹ ਯਿਸੂ ਤੇ ਵਿਸ਼ਵਾਸ ਦੇ ਰਾਹੀਂ ਖ਼ੁਦਾ ਦੀ ਸੰਤਾਨ'' (3:26)

ਪੌਲੁਸ ਮੁਤਾਬਕ ਬਪਤਿਸਮਾ ਉਹ ਪਲ ਹੈ ਜਦ ਅਸੀਂ ਮਸੀਹ ਵਿਚ ਆਉਂਦੇ ਹਾਂ ਅਤੇ ਮਸੀਹ ਵਿਚ ਖ਼ੁਦਾ ਦੀ ਸੰਤਾਨ ਬਣਦੇ ਹਾਂ। ਯਿਸੂ ਵਿਚ ਆਉਣ ਨਾਲ ਅਸੀਂ ਖ਼ੁਦਾ ਦੀ ਸੰਤਾਨ ਹੀ ਨਹੀਂ ਬਲਕਿ ਉਹਦੇ ਸੁਭਾਅ ਵਿਚ ਵੀ ਭਾਈਵਾਲ ਬਣਦੇ ਹਾਂ। '' 'ਮਸੀਹ ਵਿਚ' ਇਜ਼ਹਾਰ ਦੇ ਪੂਰੇ ਵਾਕ ਨੂੰ ਬਿਆਨ ਕਰਨ ਵਾਲਾ ਮੰਨਣਾ ਚਾਹੀਦਾ ਹੈ ਅਤੇ ਇਸਦਾ ਮਤਲਬ ਇਹ ਹੋਣਾ ਚਾਹੀਦਾ ਹੈ ਕਿ ਪੌਲੁਸ ਨੇ ਇਸ ਫ਼ਾਰਮੂਲੇ ਨੂੰ ਕਿਤੇ ਹੋਰ ਵਰਤਿਆ ਹੈ, ਯਾਨੀ ਇਹ ਮਸੀਹ ਦੇ ਨੇੜੇ ਸੰਗਤ ਅਤੇ ਉਸਦੀ ਸੰਗਤ ਵਿਚ ਮਿਲਣਾ ਹੈ।''[1]

ਜੌਨ ਆਰ. ਡਬਲਯੂ. ਸਟਾਟ ਨੇ ਅਸਾਨ ਢੰਗ ਨਾਲ ਇਸੇ ਵਿਚਾਰ ਨੂੰ ਇਵੇਂ ਲਿਖਿਆ ਹੈ:

> ਜੇ ਅਸੀਂ ਖ਼ੁਦਾ ਦੀ ਸੰਤਾਨ ਅਖਵਾਉਣਾ ਚਾਹੁੰਦੇ ਹਾਂ ਤਾਂ ਸਾਨੂੰ ''ਵਿਸ਼ਵਾਸ ਨਾਲ ... ਮਸੀਹ ਯਿਸੂ ਵਿਚ'' ਹੋਣਾ ਜ਼ਰੂਰੀ ਹੈ (ਆਇਤ 26), ਜੋ ਕਿ ਰਵਾਇਤੀ ਅਨੁਵਾਦ ''ਵਿਸ਼ਵਾਸ ਦੇ ਰਾਹੀਂ ਜੋ ਮਸੀਹ ਯਿਸੂ ਤੇ ਹੈ'' ਤੋਂ ਵੱਧ ਅਰਥ ਰੱਖਦਾ ਹੈ। ਮਸੀਹ ਵਿਚ ਵਿਸ਼ਵਾਸ ਦੇ ਰਾਹੀਂ ਅਤੇ ਮਸੀਹ ਵਿਚ ਹੋਣ ਨਾਲ ਅਸੀਂ ਖ਼ੁਦਾ ਦੀ ਸੰਤਾਨ ਬਣਦੇ ਹਾਂ।[2]

ਜੇਮਸ ਡੀ. ਡੰਨ ਨੇ ''ਮਸੀਹ ਵਿਚ'' ਵਾਕ ਅੰਸ਼ ਦੇ ਸਬੰਧ ਵਿਚ ਲਿਖਿਆ ਹੈ:

> ਇਸਦੀ ਸਮਰੱਥਾ ਵੀ ਇੱਥੇ ਸੰਦਰਭ ਨਾਲ ਸਪੱਸ਼ਟ ਹੁੰਦੀ ਹੈ: ''ਮਸੀਹ ਵਿਚ'' ਆਇਤ 26 ਦੀ ''ਮਸੀਹ ਤੇ'' ਦੀ ਸਪੱਸ਼ਟ ਵਿਆਖਿਆ ਵੀ ਹੈ; ''ਮਸੀਹ ਵਿਚ ਬਪਤਿਸਮਾ'' ਲੈ ਕੇ ਹੀ ਉਹ ''ਮਸੀਹ ਵਿਚ'' ਆਏ ਸਨ। ... ਪਰ ''ਮਸੀਹ ਵਿਚ'' ਚ ''ਵਿਚ'' ਹੋਣ ਤੋਂ ਵਧੇਰੇ ਅਰਥ ਮਿਲਦਾ ਹੈ ਜਿਸਦੀ ਵਿਆਖਿਆ ਉਸ ਪਲ ਵਿਚ ਅਤੇ ਕਿਰਿਆ ਵਿਚ ਬਿਆਨ ਕੀਤੀ ਜਾ ਸਕਦੀ ਹੈ ਜਿਸ ਵਿਚ ਉਨ੍ਹਾਂ ਦੀਆਂ ਜਿੰਦਗੀਆਂ ਅਤੇ ਭਵਿੱਖ ਮਸੀਹ ਨਾਲ ਜੁੜ ਕੇ ਉਹੋ ਜਿਹੇ ਹੀ ਹੋ ਗਏ।[3]

ਅੰਗ੍ਰੇਜ਼ੀ ਵਿਚ ਵਿਸ਼ਵਾਸ ਲਈ ਵਰਤੀ ਗਈ ਗਲਾਤੀਆਂ ਦੀ ਪੱਤਰੀ ਵਿਚ ਪੌਲੁਸ ਨੇ ਉਪ–ਪਦ ''the'' ਨੂੰ ਜੋੜਿਆ ਹੈ ਜਿਸ ਨੂੰ ਅਸਲੀ ਅਰਥ ਵਿਚ ਲੈਣਾ ਚਾਹੀਦਾ ਹੈ। ਇਸ ਲਈ ਜਿਵੇਂ ਕਿ ਜੌਰਜ ਡੰਕਨ ਨੇ ਧਿਆਨ ਦੁਆਇਆ ਹੈ, ਸ਼ਬਦ ''the Faith''(ਵਿਸ਼ਵਾਸ) ਇਸ ਪੱਤਰੀ ਦੇ ਲਿਖਣ ਤੋਂ ਵੀ ਪਹਿਲਾਂ ਆ ਗਿਆ ਸੀ, ਅਮਲੀ ਤੌਰ ਤੇ ਇਹ ਪੁਰਾਣੇ ਧਰਮ ਲਈ ਵਰਤੇ ਜਾਣ ਵਾਲੇ ''the law'' ਵਾਂਗ ਹੀ ਨਵੇਂ ਧਰਮ ਵਿਚ ਦਿੱਤਾ ਗਿਆ ਨਾਮ ਹੈ।[4]

ਗਲਾਤੀਆਂ 3:26 ਦਾ ਅਨੁਵਾਦ ਹੈ, ''ਕਿਉਂਕਿ ਤੁਸੀਂ ਸਭ ਵਿਸ਼ਵਾਸ ਦੇ ਰਾਹੀਂ, ਮਸੀਹ ਯਿਸੂ ਵਿਚ ਖ਼ੁਦਾ ਦੇ ਪੁੱਤਰ ਹੋ''(RSV); ''ਤੁਸੀਂ ਸਭ ਮਸੀਹ ਯਿਸੂ ਵਿਚ ਵਿਸ਼ਵਾਸ ਦੇ ਰਾਹੀਂ ਖ਼ੁਦਾ ਦੀ ਸੰਤਾਨ ਹੋ'' (ਮਕੌਰਡ'ਜ਼ ਨਿਊ ਟੈਸਟਾਮੈਂਟ)। ਇਨ੍ਹਾਂ ਦੋਹਾਂ ਅਨੁਵਾਦਾਂ ਨੂੰ ਮਿਲਾਉਣ ਨਾਲ ਮੂਲ ਆਇਤ ਮਿਲੇਗੀ: ''ਕਿਉਂਕਿ ਮਸੀਹ ਤੇ ਵਿਸ਼ਵਾਸ ਲਿਆਉਣ ਕਰਕੇ ਤੁਸੀਂ ਸਭ ਖ਼ੁਦਾ ਦੇ ਬੇਟੇ ਹੋ।''

ਉਸ ਵਿਸ਼ਵਾਸ ਦੇ ਰਾਹੀਂ ਜੋ ਯਿਸੂ ਤੋਂ ਪਹੁੰਚਦਾ ਹੈ, ਅਸੀਂ ਉਸ ਵਿਚ ਖ਼ੁਦਾ ਦੀ ਸੰਤਾਨ ਬਣ ਸਕਦੇ ਹਾਂ। ਬਪਤਿਸਮਾ ਹੀ ਉਹ ਪਲ ਹੈ ਜਦ ਅਸੀਂ ਖ਼ੁਦਾ ਦੀ ਸੰਤਾਨ ਬਣਨ ਦੇ ਲਈ ਮਸੀਹ ਵਿਚ ਆਉਂਦੇ ਹਾਂ।

## ''ਅਤੇ ਤੁਹਾਡੇ ਵਿੱਚੋਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਹੈ'' (3:27)

ਮਸੀਹੀ ਲੋਕ ਨਿਗਾਹਬਾਨ ਦੇ ਅਧੀਨ ਨਹੀਂ ਹਨ, ''ਕਿਉਂਕਿ'' (ਯੂਨਾਨੀ ਸ਼ਬਦ *gar* ਦਾ ਅਰਥ ਹੈ ''ਜਿਸਦੀ ਵਿਆਖਿਆ''[5]), ਅਸੀਂ ਵਿਸ਼ਵਾਸ ਦੇ ਰਾਹੀਂ ਖ਼ੁਦਾ ਦੀ ਸੰਤਾਨ ਹਾਂ। ਇੱਥੇ ਇਸਦਾ ਮਕਸਦ ਇਹ ਹੈ ਕਿ ਮਸੀਹੀ ਯੁੱਗ ਵਿਚ ਅਸੀਂ ਉਹ ਸੰਤਾਨ ਨਹੀਂ ਹਾਂ ਜਿਨ੍ਹਾਂ ਨੂੰ ਰਖਵਾਲੇ (ਆਇਤ 24, 25 ਵਿਚ ਯੂ.: *Paidagogos*) ਦੁਆਰਾ ਹੱਥ ਫੜ੍ਹ ਕੇ ਲੈ ਜਾਇਆ ਜਾਵੇ। ''ਪੌਲੁਸ ਦੇ ਵਕਤ 'Pedagogue' ਯੂਨਾਨੀ ਅਤੇ ਰੋਮੀ ਪਰਿਵਾਰਾਂ ਵਿਚ ਰੱਖੇ ਗਏ ਗੁਲਾਮ ਨੂੰ ਕਿਹਾ ਜਾਂਦਾ ਸੀ ਜਿਸਦਾ ਕੰਮ ਨਾਬਾਲਗ (ਛੇ ਤੋਂ ਲੈ ਕੇ ਸੋਲਾਂ ਸਾਲ ਦੇ) ਬਾਲਕ

ਦੀ ਘਰ ਵਿਚ ਅਤੇ ਬਾਹਰ ਦੇਖਭਾਲ ਕਰਨਾ ਹੁੰਦਾ ਸੀ।''[6]

ਐਫ. ਐਫ. ਬਰੂਸ ਨੇ ''pedagogue'' ਯਾਨੀ ਨਿਗਾਹਬਾਨ ਦੀ ਵਿਆਖਿਆ ਇਵੇਂ ਕੀਤੀ ਹੈ:

> ਨਿੱਜੀ ਗੁਲਾਮ–ਸਹਾਇਕ ਜੋ ਅਜ਼ਾਦ ਪੈਦਾ ਹੋਏ ਮੁੰਡੇ ਨੂੰ, ਆਇਆ ਦੀ ਸੰਭਾਲ ਦੇ ਬਾਅਦ ਤੋਂ ਉਹਦੇ ਨਾਲ ਕਿਤੇ ਵੀ ਜਾਣ ਲਈ ਰਹਿੰਦਾ ਸੀ। ਉਸ ਨੂੰ ਸਕੂਲ ਲੈ ਜਾਣਾ, ... ਉੱਥੇਂ ਉਹਦੀ ਉਡੀਕ ਕਰਨਾ, ... ਫਿਰ ਉਸ ਨੂੰ ਘਰ ਲੈ ਜਾਣਾ ਅਤੇ ਜੋ ਸਬਕ ਉਸ ਨੇ ਸਿੱਖਿਆ ਹੁੰਦਾ ਸੀ ਉਸ ਨੂੰ ਜ਼ਬਾਨੀ ਬੁਲਵਾ ਕੇ ਉਹਦੀ ਯਾਦ ਸ਼ਕਤੀ ਨੂੰ ਪਰਖਣਾ ਉਸਦਾ ਕੰਮ ਹੁੰਦਾ ਸੀ। *Paidagogos* (ਨਿਗਾਹਬਾਨ) ਤਦ ਤਕ ਮੁੰਡੇ ਦੀ ਅਜ਼ਾਦੀ ਤੇ ਕੰਟਰੋਲ ਰੱਖਦਾ ਸੀ ਜਦ ਤਕ ਉਹ ਬਾਲਗ ਨਹੀਂ ਹੋ ਜਾਂਦਾ ਅਤੇ ਆਪਣੀ ਅਜ਼ਾਦੀ ਦੀ ਜ਼ਿੰਮੇਵਾਰੀ ਦੀ ਵਰਤੋਂ ਕਰਨ ਲਈ ਉਸ ਤੇ ਭਰੋਸਾ ਨਾ ਕੀਤਾ ਜਾਵੇ।[7]

ਇਸ ਦਾ ਮਤਲਬ ਇਹ ਹੈ ਕਿ ਨਿਗਾਹਬਾਨ ਇਕ ਘਰੇਲੂ ਗੁਲਾਮ ਹੁੰਦਾ ਸੀ ਜਿਸ ਦੀਆਂ ਜ਼ਿੰਮੇਵਾਰੀਆਂ ਮੁੰਡੇ ਨੂੰ ਸਕੂਲ ਪਹੁੰਚਾਉਣ ਦੇ ਬਾਅਦ ਖ਼ਤਮ ਹੋ ਜਾਂਦੀਆਂ ਸਨ।

ਇਸ ਤਰ੍ਹਾਂ ਸ਼ਰ੍ਹਾ ਨੇ ਸਾਨੂੰ ਯਿਸੂ ਤਕ ਲਿਆਉਣ ਲਈ ''Pedagogue'' ਭਾਵ ਇਕ ਘਰੇਲੂ ਗੁਲਾਮ ਵਾਂਗ ਕੰਮ ਕੀਤਾ। ਕਿਉਂਕਿ ਹੁਣ ਯਿਸੂ ਆ ਚੁਕਿਆ ਹੈ, ਇਸ ਲਈ ਸਾਨੂੰ ਆਪਣੇ ਨਿਗਾਹਬਾਨ ਭਾਵ ਸ਼ਰ੍ਹਾ ਦੇ ਅਧੀਨ ਰਹਿਣ ਦੀ ਲੋੜ ਨਹੀਂ ਹੈ। ਹੁਣ ਅਸੀਂ ਵਿਸ਼ਵਾਸ ਦੇ ਰਾਹੀਂ ਮਸੀਹ ਵਿਚ ਖ਼ੁਦਾ ਦੀ ਸੰਤਾਨ ਬਣ ਕੇ (ਗਲਾਤੀਆਂ 3:26, 27) ਸੰਤਾਨ ਨੂੰ ਮਿਲਣ ਵਾਲੀਆਂ ਸਭ ਅਸੀਸਾਂ ਅਤੇ ਅਜ਼ਾਦੀ ਦਾ ਲਾਭ ਉਠਾ ਸਕਦੇ ਹਾਂ (ਗਲਾਤੀਆਂ 4:6, 7)।

ਸੰਤਾਨ ਬਣਨ ਦੇ ਬਾਅਦ ਸਾਨੂੰ ਵਿਸ਼ਵਾਸ ਨਾਲ ਮਸੀਹ ਦੇ ਖ਼ਾਨਦਾਨੀ ਸਰੂਪ ਵਿਚ ਬਣਨਾ ਜ਼ਰੂਰੀ ਹੈ ''ਕਿਉਂਕਿ'' ਮਸੀਹ ਵਿਚ ਬਪਤਿਸਮਾ ਲੈ ਕੇ ਅਸੀਂ ਯਿਸੂ ਨੂੰ ਪਹਿਨ ਲੈਂਦੇ ਹਾਂ। ਇਸਦਾ ਮਤਲਬ ਇਹ ਹੈ ਕਿ ਅਸੀਂ ਉਸਦੇ ਸੁਭਾਅ ਨੂੰ ਆਪਣਾ ਲੈਂਦੇ ਹਾਂ (ਗਲਾਤੀਆਂ 3:26, 27)। ਪੌਲੁਸ ਆਖ ਰਿਹਾ ਸੀ ਕਿ ਬਪਤਿਸਮਾ ਲੈਣ ਤੇ, ਅਸੀਂ ਖ਼ੁਦਾ ਦੀ ਸੰਤਾਨ ਬਣ ਜਾਂਦੇ ਹਾਂ ਅਤੇ ਜਿਵੇਂ ਬੱਚੇ ਆਪਣੇ ਮਾਤਾ–ਪਿਤਾ ਦੇ ਸੁਭਾਅ ਨੂੰ ਅਪਨਾ ਲੈਂਦੇ ਹਨ ਉਵੇਂ ਹੀ ਅਸੀਂ ਵੀ ਖ਼ੁਦਾ ਦੇ ਸੁਭਾਅ ਨੂੰ ਅਪਣਾ ਲੈਂਦੇ ਹਾਂ। ਜਦ ਅਸੀਂ ਵਿਸ਼ਵਾਸ ਦੀ ਗੱਲ ਮੰਨਦੇ ਹਾਂ, ਤਾਂ ਬਪਤਿਸਮੇ ਦਾ ਇਹੀ ਨਤੀਜਾ ਕੱਢਦੇ ਹਾਂ।

## ''ਉਨ੍ਹਾਂ ਨੇ ਮਸੀਹ ਨੂੰ ਪਹਿਨ ਲਿਆ ਹੈ'' (3:27)

''ਮਸੀਹ ਨੂੰ ਪਹਿਨ ਲਿਆ'' ਵਿਚ ''ਪਰਮੇਸ਼ੁਰ ਦੀ ਸੰਤਾਨ'' ਹੋਣ ਕਰਕੇ ਖ਼ੁਦਾ ਦੇ ਸੁਭਾਅ ਵਿਚ ਹੋਣ ਦਾ ਵਿਚਾਰ ਮਿਲਦਾ ਹੈ (ਗਲਾਤੀਆਂ 3:27)। ਕਿਸੇ ਅਧਿਕਾਰੀ ਨੇ ਇਸਦੀ ਪਰਿਭਾਸ਼ਾ ਇਵੇਂ ਦਿੱਤੀ ਹੈ :

> ਸੰਕੇਤਕ ਅਰਥਾਂ ਵਿਚ ਵਰਤੇ ਜਾਣ ਤੇ ''ਪਹਿਨਣਾ'' ਅਰਥ ਸੰਬਧਿਤ ਵਿਅਕਤੀ ਦੇ ''ਸੁਭਾਅ ਜਾਂ ਨਾਂਅ ਨੂੰ ਅਪਣਾਉਣਾ'' ਜਾਂ ''ਉਸ ਵਰਗਾ ਬਣਨਾ'' ਹੈ। ਮਸੀਹ ਨੂੰ ਪਹਿਨਣਾ ਮਸੀਹ ਵਰਗਾ ਬਣਨਾ, ਖ਼ੁਦਾ ਦੇ ਸਾਮ੍ਹਣੇ (ਖ਼ੁਦਾ ਦੇ ਪੁੱਤਰ ਦੇ ਰੂਪ ਵਿਚ) ਉਸਦਾ ਸੁਭਾਅ ਅਪਨਾਉਣਾ, ਉਸਦਾ ਨਾਂਅ ਪਹਿਨਣਾ ਹੈ।[8]

ਹਰਮਨ ਐਨ. ਰਿਡਰਬਾਸ ਨੇ ਟਿੱਪਣੀ ਕੀਤੀ:

> ਜਿਵੇਂ ਪਹਿਨੇ ਜਾਣ ਵਾਲਾ ਕੱਪੜਾ (ਜਾਂ ਜਿਸ ਨੂੰ ਪਾ ਲਿਆ ਹੈ: ਕੁਝ ਲੋਕ ਬੇਹਰਕਤ ਅਨੁਵਾਦ ਦੇ ਵੀ ਪੱਖ ਵਿਚ ਹਨ) ਇਸ ਨੂੰ ਪਹਿਨਣ ਵਾਲੇ ਵਿਅਕਤੀ ਨੂੰ ਢੱਕ ਲੈਂਦਾ ਹੈ, ਅਤੇ ਉਸ ਦੀ ਅਤੇ ਉਸਦੀ ਜ਼ਿੰਦਗੀ ਦੀ ਪਛਾਣ ਬਣ ਜਾਂਦਾ ਹੈ, ਉਵੇਂ ਹੀ ਮਸੀਹ ਵਿਚ ਬਪਤਿਸਮਾ ਲੈਣ ਵਾਲਾ ਪੂਰੀ ਤਰ੍ਹਾਂ ਨਾਲ ਮਸੀਹ ਅਤੇ ਉਸ ਵੱਲੋਂ ਗਈ ਮੁਕਤੀ ਦੇ ਅੰਦਰ ਲੈ ਲਿਆ ਜਾਂਦਾ ਹੈ।[9]

ਜੌਰਜ ਐਸ. ਡੰਕਨ ਦਾ ਕਹਿਣਾ ਸੀ :

> ਇਕ ਵਿਲੱਖਣ ਢੰਗ ਨਾਲ ਪਹਿਨਣ ਵਾਲੇ ਦੀ ਪਛਾਣ ਉਹਦਾ ਲਿਬਾਸ ਹੀ ਬਣ ਜਾਂਦਾ ਹੈ। ... ਇਸ ਕਰਕੇ ਜਦ ਕੋਈ ਮਨੁੱਖ ਬਪਤਿਸਮਾ ਲੈਂਦਾ ਹੈ, ਤਾਂ ਉਹਦੀ ਪਛਾਣ ਹਣ ਪੂਰੀ ਤਰ੍ਹਾਂ ਨਾਲ ਮਸੀਹ ਦੀ ਹੁੰਦਾ ਹੈ, ਭਾਵ ਹੁਣ ਉਹ ਜਿਉਂਦਾ ਨਹੀਂ ਹੈ ਸਗੋਂ ਮਸੀਹ ਉਹਦੇ ਵਿਚ ਜਿਉਂਦਾ ਹੈ। ਉਹ ਮਨੁੱਖ ਪਹਿਲਾਂ ਕਿਹੋ ਜਿਹਾ ਵੀ ਕਿਉਂ ਨਾ ਹੋਵੇ, ਮਸੀਹ ਵਿਚ ਉਹ ਇਕ ਨਵੀਂ ਸਿਰਜਣਾ ਹੈ।''[10]

ਇਸ ਤਰ੍ਹਾਂ ਪਹਿਨਾਵੇ ਤੋਂ ਸਾਡੀ ਸ਼ਖਸੀਅਤ ਦਾ ਪਤਾ ਲਗਦਾ ਹੈ, ਉਵੇਂ ਹੀ ਮਸੀਹ ਨੂੰ ਪਹਿਨਣ ਨਾਲ ਸਾਡੇ ਅੰਦਰ ਮਸੀਹ ਦੇ ਗੁਣ ਆ ਜਾਂਦੇ ਹਨ। ਉਹ ਸਿਰਫ ਬਪਤਿਸਮੇ ਦੇ ਬਾਹਰੀ ਸੰਸਕਾਰ ਕਰਕੇ ਹੀ ਨਹੀਂ ਸਗੋਂ ਉਸ ਕੰਮ ਵਿਚ ਅੰਦਰੂਨੀ ਹਿੱਸੇਦਾਰੀ ਕਰਕੇ ਹੁੰਦਾ ਹੈ ਜਿਸ ਵਿਚ ਅਸੀਂ ''ਕੋਪ, ਕ੍ਰੋਧ, ਬਦੀ, ਦੁਰਬਚਨ, ਅਤੇ ਆਪਣੇ ਮੂੰਹੋਂ ਗੰਦੀਆਂ ਗਾਲਾਂ ਕੱਢਣੀਆਂ ਛੱਡ ਦਿੱਤੀਆਂ ਅਤੇ ਪੁਰਾਣੀ ਇਨਸਾਨੀਅਤ ਨੂੰ ਉਹ ਦੀਆਂ ਕਰਨੀਆਂ ਸਣੇ ਲਾਹ ਸੁੱਟਿਆ'' (ਕੁਲੁੱਸੀਆਂ 3:9, 10)।

ਯਿਸੂ ਦੇ ਨਾਂਅ ਤੇ ਵਚਨ ਤੇ ਵਿਸ਼ਵਾਸ ਕਰਕੇ ਜਦ ਅਸੀਂ ਬਪਤਿਸਮਾ ਲੈਣ ਲਈ ਤਿਆਰ ਹੋ ਜਾਂਦੇ ਹਾਂ ਤਾਂ ਖ਼ੁਦਾ ਸਾਨੂੰ ਮੁਕਤੀ ਤੇ ਆਪਣੀ ਸੰਤਾਨ ਹੋਣ ਦੇ ਇਨਾਮ ਦਿੰਦਾ ਹੈ। ਉਹ ਸਾਨੂੰ ਪ੍ਰਤੀਫਲ ਬਪਤਿਸਮੇ ਦੇ ਅਧਾਰ ਤੇ ਨਹੀਂ ਦਿੰਦਾ ਸਗੋਂ ਉਸ ਵਿਸ਼ਵਾਸ ਦੇ ਕਾਰਣ ਸਾਨੂੰ ਛੁਡਾਉਂਦਾ ਹੈ ਜੋ ਸਾਨੂੰ ਉਸ ਕੰਮ ਦੇ ਲਈ ਪ੍ਰੇਰਣਾ ਦਿੰਦਾ ਹੈ। ਬਪਤਿਸਮਾ ਆਪਣੇ ਆਪ ਵਿਚ ਮੰਜ਼ਿਲ ਨਹੀਂ ਹੈ, ਇਹ ਤਾਂ ਯਿਸੂ ਤੇ ਵਿਸ਼ਵਾਸ ਤੇ ਆਧਾਰਿਤ ਉਹ ਕੰਮ ਹੈ ਜਿਸਦਾ ਨਤੀਜਾ ਨਵੀਂ ਜ਼ਿੰਦਗੀ ਹੈ। ਜਦ ਅਸੀਂ ਖ਼ੁਦਾ ਦੀ ਸੰਤਾਨ ਬਣ ਜਾਂਦੇ ਹਾਂ, ਤਾਂ ਸਾਡਾ ਸੁਭਾਅ ਖ਼ੁਦਾ ਦੇ ਪਰਿਵਾਰ ਵਿਚ ਪਾਏ ਜਾਣ ਵਾਲੇ ਯਿਸੂ ਵਰਗਾ ਹੋ ਜਾਂਦਾ ਹੈ।

## ''ਕਿਉਂਕਿ ਤੁਸੀਂ ਸਭ ਮਸੀਹ ਯਿਸੂ ਵਿਚ ਇਕ ਹੋ'' (3:26, 28, 29)

**ਬਪਤਿਸਮਾ ਅਤੇ ਇਕ ਹੋਣਾ**

''ਤੁਸੀਂ ਸਭ ਪਰਮੇਸ਼ੁਰ ਦੀ ਸੰਤਾਨ ਹੋ'' (ਗਲਾਤੀਆਂ 3:26) ਪੌਲੁਸ ਨੇ ਇਹ ਤਸਦੀਕ ਕਰਨ ਦੇ ਲਈ ਵਰਤਿਆ ਸੀ ਕਿ ਗਲਾਤੀਆ ਦੇ ਸਭ ਲੋਕ ਇੱਕੋ ਹੀ ਪਰਿਵਾਰ ਵਿੱਚੋਂ ਸਨ।

ਮਸੀਹ ਵਿਚ ਭਰਾਵਾਂ ਦੇ ਰੂਪ ਵਿਚ ਉਨ੍ਹਾਂ ਦਾ ਪਿਛੋਕੜ, ਸਮਾਜਿਕ ਪੱਧਰ ਅਤੇ ਬਰਾਦਰੀ ਦੇ ਬਾਵਜੂਦ ਉਨ੍ਹਾਂ ਵਿਚ ਇੱਕੋ ਰੂਹਾਨੀ ਪਰਿਵਾਰ ਦੀਆਂ ਖ਼ੂਬੀਆਂ ਸਨ। ਇਹ ਕਹਿਣ ਦੇ ਬਾਅਦ ਕਿ ਜਿੰਨਿਆਂ ਨੇ ਬਪਤਿਸਮਾ ਲਿਆ ਹੈ ਉਹ ਮਸੀਹ ਵਿਚ ਇਕ ਹਨ, ਪੌਲੁਸ ਨੇ ਆਖਿਆ ਕਿ ਜਿੰਨੇ ਮਸੀਹ ਵਿਚ ਹਨ ਉਹ ਸਭ ਇਕ ਹਨ (ਗਲਾਤੀਆਂ 3:27, 28)। ਬਪਤਿਸਮਾ ਸਾਨੂੰ ਖ਼ੁਦਾ ਦੀ ਸੰਤਾਨ ਬਣਾਉਂਦਾ ਹੈ ਅਤੇ ਸਭ ਨੂੰ ਇਕ ਕਰਦਾ ਹੈ। ਉਹ ਸਾਨੂੰ ਬਹੁਤ ਸਾਰੀਆਂ ਧਾਰਮਿਕ ਦੇਹਾਂ ਵਿਚ ਨਹੀਂ ਬਲਕਿ ਇੱਕੋ ਪਰਿਵਾਰ ਯਾਨੀ ਇਕ ਸਰੀਰ (1 ਕੁਰਿੰਥੀਆਂ 12:13) ਮਸੀਹ ਦੇ ਸਰੀਰ (1 ਕੁਰਿੰਥੀਆਂ 12:27) ਵਿਚ ਲਿਆਉਂਦਾ ਹੈ, ਜੋ ਕਿ ਉਸਦੀ ਕਲੀਸਿਆ ਹੈ (ਕੁਲੁੱਸੀਆਂ 1:18)।

ਅੱਜ ਬਹੁਤ ਹੀ ਵੱਖ–ਵੱਖ ਕਲੀਸੀਆਵਾਂ ਵਿਚ ਲੋਕਾਂ ਨੂੰ ਲਿਆਉਣ ਲਈ ਯਾਨੀ ਉਹਦਾ ਮੈਂਬਰ ਬਣਾਉਣ ਲਈ, ਕਈ ਤਰ੍ਹਾਂ ਦੇ ਬਪਤਿਸਮੇ ਦਿੱਤੇ ਜਾਂਦੇ ਹਨ। ਨਵੇਂ ਨੇਮ ਦਾ ਬਪਤਿਸਮਾ ਇੱਕੋ ਹੈ ਜੋ ਸਾਨੂੰ ਇਕ ਦੇਹ ਵਿਚ ਮਿਲਾਉਂਦਾ ਹੈ (ਅਫ਼ਸੀਆਂ 4:4, 5)। ਉਹ ਇਕ ਬਪਤਿਸਮਾ ਮਤਰੇਏ ਭਰਾ ਜਾਂ ਭੈਣ ਨਹੀਂ ਬਣਾਉਂਦਾ ਸਗੋਂ ਉਹ ਭਰਾ ਅਤੇ ਭੈਣਾ ਖ਼ੁਦਾ ਦੀ ਸੰਤਾਨ ਬਣਾਉਂਦਾ ਹੈ, ਜਿਨ੍ਹਾਂ ਦਾ ਸੁਭਾਅ ਆਪਸ ਵਿਚ ਮਿਲਦਾ ਜੁਲਦਾ ਹੁੰਦਾ ਹੈ। ਉਹ ਇੱਕੋ ਪਰਿਵਾਰ ਵਿਚ ਹਨ, ਜੋ ਮਸੀਹ ਵਿਚ ਇਕ ਹਨ। ਬਪਤਿਸਮਾ ਫੁੱਟ ਨਹੀਂ, ਏਕਤਾ ਲਿਆਉਂਦਾ ਹੈ।

### ਅਸੀਂ ਮਸੀਹ ਦੇ ਹਾਂ

ਸਾਡੇ ਵਿੱਚੋਂ ਜੋ ਯਿਸੂ ਵਿਚ ਬਪਤਿਸਮਾ ਲੈਣ ਕਰਕੇ ਉਸਦੇ ਹਨ, ਉਹ ਸਾਰੇ ਅਬਰਾਹਾਮ ਦੀ ਰੂਹਾਨੀ ਸੰਤਾਨ ਹਨ ਅਤੇ ਅਬਰਾਹਾਮ ਦੀ ਸੰਤਾਨ ਯਾਨੀ ਯਿਸੂ ਦੇ ਦੁਆਰਾ ਖ਼ੁਦਾ ਦੇ ਵਾਅਦੇ ਦੇ ਵਾਰਸ ਹਨ (3:29)। ਜਿਵੇਂ ਸਾਡੇ ਸਰੀਰ ਵਿਚ ਜਾਣ ਵਾਲਾ ਭੋਜਨ ਸਾਡੇ ਸਰੀਰ ਦਾ ਹਿੱਸਾ ਬਣ ਜਾਂਦਾ ਹੈ ਅਤੇ ਸਾਡਾ ਹੁੰਦਾ ਹੈ, ਉਸੇ ਤਰ੍ਹਾਂ ਜੋ ਲੋਕ ਮਸੀਹ ਵਿਚ ਹਨ ਉਹ ਰੂਹਾਨੀ ਰੂਪ ਨਾਲ ਉਸਦਾ ਇਕ ਹਿੱਸਾ ਹਨ ਅਤੇ ਉਸਦੇ ਹਨ। ਸਾਡਾ ਇਹ ਰਿਸ਼ਤਾ ਉਸ ਵਿਚ ਬਪਤਿਸਮਾ ਲੈਣ ਨਾਲ ਬਣਦਾ ਹੈ ਜੇ ਅਸੀਂ ਬਪਤਿਸਮਾ ਨਹੀਂ ਲਿਆ ਹੈ, ਤਾਂ ਅਸੀਂ ਯਿਸੂ ਤੋਂ ਬਾਹਰ ਹਾਂ ਯਾਨੀ ਅਸੀਂ ਉਸ ਨੂੰ ਪਹਿਨਿਆ ਨਹੀਂ ਅਤੇ ਇਸ ਸੱਬਬ ਅਸੀਂ ਉਸਦੇ ਨਹੀਂ ਹਾਂ।

## ਸਾਰ

ਬਪਤਿਸਮਾ ਬਚਾਏ ਜਾਣ ਲਈ ਯਿਸੂ ਦੀ ਕੁਰਬਾਨੀ ਵਿਚ ਵਿਸ਼ਵਾਸ ਰੱਖਣ ਦੇ ਰੂਪ ਵਿਚ ਖ਼ੁਦਾ ਦੀ ਇਕ ਸ਼ਰਤ ਹੈ। ਬਪਤਿਸਮਾ ਲੈਣ ਨੂੰ ਤਿਆਰ ਹੋ ਕੇ ਅਸੀਂ ਆਪਣੇ ਪਾਪਾਂ ਨੂੰ ਧੋਣ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਬਦਲਣ ਲਈ ਯਿਸੂ ਦੇ ਲਹੂ ਵਿਚ ਭਰੋਸੇ ਦਾ ਐਲਾਨ ਕਰਦੇ ਹਾਂ। ਇਸਦੇ ਮਤਲਬ ਨੂੰ ਸਮਝ ਸੱਚੇ ਮਨ ਨਾਲ ਬਪਤਿਸਮਾ ਲੈਣ ਵਾਲੇ ਵਿਅਕਤੀ ਨੂੰ ਨਵਾਂ ਜੀਵਨ ਮਿਲ ਜਾਏਗਾ (ਰੋਮੀਆਂ 6:4) ਜੋ ''ਆਪਣੇ ਰਚਣਹਾਰੇ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ'' (ਕੁਲੁੱਸੀਆਂ 3:10)। ਉਹ ਇਕ ਨਵੀਂ ਸ੍ਰਿਸ਼ਟ ਵਿਚ ਬਦਲ ਜਾਏਗਾ (2 ਕੁਰਿੰਥੀਆਂ 5:17), ਯਿਸੂ ਦੇ ਸੁਭਾਅ ਨੂੰ ਪਹਿਨੇ ਹੋਏ ਖ਼ੁਦਾ ਦਾ ਬਾਲਕ ਬਣ ਜਾਏਗਾ (ਗਲਾਤੀਆਂ 3:26,27)। ਬਪਤਿਸਮਾ ਕਿਸੇ ਕਰਮਕਾਂਡ ਨੂੰ ਮੰਨਣ ਤੋਂ ਕਿਤੇ ਵੱਧ ਹੋਣਾ ਚਾਹੀਦਾ ਹੈ ਭਾਵ ਇਸ ਨਾਲ ਸਾਨੂੰ ਯਿਸੂ ਨੂੰ ਪਹਿਨੇ ਹੋਏ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਬਦਲਣਾ ਚਾਹੀਦਾ ਹੈ।

ਟਿੱਪਣੀਆਂ

[1]ਡੈਨੀਅਲ ਸੀ. ਅਰਿਖਿਆ ਜੂਨੀਅਰ ਅਤੇ ਯੂਜੀਨ ਏ. ਨਿਡਾ, *ਏ. ਟ੍ਰਾਂਸਲੇਟਰ'ਜ਼ ਹੈਂਡਬੁੱਕ ਔਨ ਪੌਲ'ਜ਼ ਲੈਟਰ ਟੂ ਦ ਗਲੇਸ਼ੀਅੰਜ਼* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1976), 83. [2]ਜੌਨ ਆਰ. ਡਬਲਯੂ. ਸਟਾਟ, *ਦਿ ਮੈਸੇਜ ਆਫ਼ ਗਲੇਸ਼ੀਅੰਜ਼: ਓਨਲੀ ਵਨ ਵੇ* (ਡਾਊਨਰਸ ਗ੍ਰੋਵ, ਇਲਿਨੋਇਸ: ਇੰਟਰ–ਵਰਸਿਟੀ ਪ੍ਰੈੱਸ, 1968), 99. [3]ਜੇਮਸ ਡੀ. ਜੀ. ਡੰਨ, ਬਲੈਕ'ਜ਼ ਨਿਊ ਟੈਸਟਾਮੈਂਟ ਕਮੈਂਟਰੀਜ਼, ਜਿਲਦ 9, *ਏ ਕਮੈਂਟਰੀ ਔਨ ਦ ਏਪਿਸਟਲ ਟੂ ਦ ਗਲੇਸ਼ੀਅਨਜ਼,* ਸਧਾ. ਅੰਕ, ਹੈਨਰੀ ਚੈਡ੍ਰਿਕ (ਪੀਬੌਡੀ, ਮੈਸਾਚੁਏਟਸ: ਹੈਂਡ੍ਰਿਕਸਨ, 1995), 203. [4]ਜੌਰਜ ਐੱਸ. ਡੰਕਨ, *ਦ ਏਪਿਸਟਲ ਆਫ਼ ਪੌਲ ਟੂ ਦ ਗਲੇਸ਼ੀਅੰਜ਼,* ਦਿ ਮੌਫ਼ਟ ਨਿਊ ਟੈਸਟਾਮੈਂਟ ਕਮੈਂਟਰੀ, ਸੰਪਾ. ਜੇਮਸ ਮੌਫ਼ਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡਰਵਨ, ਹੌਡਰ ਅਤੇ ਸਟੋਗਨ, 1955), 120. [5]ਅੰਗ੍ਰੇਜ਼ੀ ਬਾਈਬਲ ਵਿਚ ਗਲਾਤੀਆਂ 3 ਅਧਿਆਇ ਵਿਚ ''for'' ਆਇਤ 25 ਅਤੇ 26 ਅਤੇ ਆਇਤ 26 ਅਤੇ 27 ਵਿਚ ਜੁੜਿਆ ਸ਼ਬਦ ਹੈ। [6]ਡੈਨੀਅਲ ਸੀ. ਅਰਿਖਿਆ ਜੂਨੀਅਰ ਅਤੇ ਯੂਜੀਨ ਏ. ਨਿਡਾ, *ਏ ਟ੍ਰਾਂਸਲੇਟਰ'ਸ ਹੈਂਡਬੁੱਕ ਆਨ ਪੌਲ'ਜ਼ ਲੈਟਰ ਟੂ ਦ ਗਲੇਸ਼ੀਅੰਜ਼* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1976), 81. [7]ਐੱਫ਼. ਐੱਫ਼. ਬਰੂਸ, *ਦ ਏਪਿਸਟਲ ਟੂ ਦ ਗਲੇਸ਼ੀਅੰਜ਼: ਏ ਕਮੈਂਟਰੀ ਔਨ ਦ ਗ੍ਰੀਕ ਟੈਕਸਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1982), 182. [8]ਅਰਿਖਿਆ ਐਂਡ ਨਿਡਾ, 84. [9]ਹਰਮਨ ਐੱਨ. ਰਿਡਰਬੌਸ, *ਦ ਏਪਿਸਟਲ ਆਫ਼ ਪੌਲ ਟੂ ਦ ਚਰਚਜ਼ ਆਫ਼ ਗਲੇਸ਼ੀਅੰਜ਼,* ਦਿ ਨਿਊ ਇੰਟਰਨੈਸ਼ਨਲ ਕਮੈਂਟਰੀ ਔਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1953), 148. [10]ਜੌਰਜ ਐੱਸ. ਡੰਕਨ *ਦਿ ਏਪਿਸਟਲ ਆਫ਼ ਪੌਲ ਟੂ ਦ ਗਲੇਸ਼ੀਅੰਜ਼,* ਦਿ ਮੌਫ਼ਟ ਨਿਊ ਟੈਸਟਾਮੈਂਟ ਕਮੈਂਟਰੀ, ਸੰਪਾ. ਜੇਮਸ ਮੌਫ਼ਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡਰਵਨ, ਹੌਡਰ ਅਤੇ ਸਟੋਗਟਨ, 1955), 123.

---

## ਵਿਸ਼ਵਾਸ ਅਤੇ ਅਮਲ ਕਰਨ ਵਾਲੇ ਲੋਕ

ਯਿਸੂ ਦੀ ਸਿੱਖਿਆ ਨੂੰ ''ਵਿਸ਼ਵਾਸ'' ਕਿਹਾ ਗਿਆ ਹੈ ਕਿਉਂਕਿ ਉਹ ਇਸ ਨਾਲ ਜੁੜੇ ਲੋਕਾਂ ਤੋਂ ਵਿਸ਼ਵਾਸ ਦੀ ਤਵੱਕੋ ਕਰਦਾ ਹੈ। ਵਿਸ਼ਵਾਸ ਇਕ ਅਜਿਹੀ ਪ੍ਰੇਰਣਾਦਾਇਕ ਸ਼ਕਤੀ ਹੈ ਜੋ ਸਾਨੂੰ ਕੰਮ ਕਰਨ ਲਈ ਪ੍ਰੇਰਣਾ ਦਿੰਦੀ ਹੈ। ਆਪਣੇ ਕੰਮਾਂ ਦਾ ਫ਼ਲ ਸਾਨੂੰ ਇਸ ਵਿਸ਼ਵਾਸ ਕਰਕੇ ਮਿਲਦਾ ਹੈ ਕਿ ਉਸ ਵਿਸ਼ਵਾਸ ਨਾਲ ਸਾਨੂੰ ਪ੍ਰੇਰਣਾ ਮਿਲੀ ਹੈ। ਬਿਨਾਂ ਵਿਸ਼ਵਾਸ ਦੇ ਅਮਲ ਫ਼ਜ਼ੂਲ ਹੈ (ਇਬਰਾਨੀਆਂ 11:6) ਅਤੇ ਬਿਨਾਂ ਅਮਲ ਦੇ ਵਿਸ਼ਵਾਸ ਫ਼ਜ਼ੂਲ ਹੈ (ਯਾਕੂਬ 2:24)। ਖ਼ੁਦਾ ਨੂੰ ਭਾਉਣ ਵਾਲੇ ਵਿਸ਼ਵਾਸ ਯਾਨੀ ਉਸ ਵਿਸ਼ਵਾਸ ਦੀ ਜਿਸ ਦਾ ਉਹਦੇ ਅਮਲ ਕਰਕੇ ਇਨਾਮ ਮਿਲਿਆ, ਤਸਵੀਰ ਇਬਰਾਨੀਆਂ 11 ਅਧਿਆਇ ਵਿਚ ਮਿਲਦੀ ਹੈ। ਹੇਠ ਲਿਖੇ ਲੋਕ ਖ਼ੁਦਾ ਨੂੰ ਇਸ ਲਈ ਪਸੰਦ ਸਨ ਕਿਉਂਕਿ ਉਨ੍ਹਾਂ ਦੇ ਵਿਸ਼ਵਾਸ ਨੇ ਉਨ੍ਹਾਂ ਨੂੰ ਕੰਮ ਕਰਨ ਲਈ ਪ੍ਰੇਰਿਆ:

ਹਾਬਲ ਨੇ ਆਪਣੀ ਕੁਰਬਾਨੀ ਪੇਸ਼ ਕੀਤੀ (ਆਇਤ 4)।
ਹਨੋਕ, ਜੋ ਖ਼ੁਦਾ ਦੇ ਨਾਲ ਚੱਲਦਾ ਸੀ (ਉਤਪਤ 5:24) ਉੱਪਰ ਉਠਾ ਲਿਆ ਗਿਆ ਸੀ (ਆਇਤ 5)।
ਨੂਹ ਨੇ ਇਕ ਬੇੜਾ ਬਣਾਇਆ (ਆਇਤ 7)।
ਅਬਰਾਹਾਮ ਖ਼ੁਦਾ ਦੀ ਗੱਲ ਮੰਨ ਕੇ ਨਿੱਕਲ ਪਿਆ (ਆਇਤ 8)।
ਸਾਰਾਹ ਗਰਭਵਤੀ ਹੋਈ (ਆਇਤ 11)।
ਅਬਰਾਹਾਮ ਨੇ ਇਸਹਾਕ ਨੂੰ ਕੁਰਬਾਨੀ ਲਈ ਦਿੱਤਾ (ਆਇਤ 17)।

ਯੂਸਫ਼ ਨੇ ਆਪਣੀਆਂ ਹੱਡੀਆਂ ਲਈ ਹੁਕਮ ਦਿੱਤਾ (ਆਇਤ 22)।
ਮੂਸਾ ਦੇ ਮਾਂ–ਬਾਪ ਨੇ ਉਸਨੂੰ ਲੁਕਾ ਕੇ ਰੱਖਿਆ (ਆਇਤ 23)।
ਵੱਡਾ ਹੋ ਕੇ ਮੂਸਾ ਨੇ ਫ਼ਿਰੌਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ ਨਾਂਹ ਕਰ ਦਿੱਤੀ (ਆਇਤ 24)।
ਮੂਸਾ ਮਿਸਰ ਤੋਂ ਭੱਜ ਗਿਆ (ਆਇਤ 27)।
ਮੂਸਾ ਨੇ ਪਸਾਹ ਨੂੰ ਮੰਨਿਆ (ਆਇਤ 28)।
ਇਸਰਾਏਲੀ ਸਮੁੰਦਰ ਵਿੱਚੋਂ ਦੀ ਹੋ ਕੇ ਲੰਘੇ (ਆਇਤ 29)।
ਇਸਰਾਏਲੀਆਂ ਨੇ ਯਰੀਹੋ ਦੀ ਸ਼ਹਿਰਪਨਾਹ ਦੇ ਚੱਕਰ ਲਾਏ (ਆਇਤ 30)।
ਰਹਾਬ ਨੇ ਜਸੂਸਾਂ ਨੂੰ ਆਪਣੇ ਘਰ ਪਨਾਹ ਦਿੱਤੀ (ਆਇਤ 31)।

ਆਗਿਆਕਾਰੀ ਵਿਸ਼ਵਾਸ ਦੀਆਂ ਉੱਪਰ ਦਿੱਤੀਆਂ ਸਭ ਉਦਾਹਰਣਾਂ ਇਸ ਗੱਲ ਦਾ ਸਬੂਤ ਹਨ ਕਿ ਖ਼ੁਦਾ ਸਿਰਫ ਓਸੇ ਵਿਸ਼ਵਾਸ ਨੂੰ ਕਬੂਲ ਕਰਦਾ ਹੈ ਜਿਸ ਨਾਲ ਅਸੀਂ ਉਸ ਦੇ ਵਚਨ ਤੇ ਭਰੋਸਾ ਰੱਖ ਕੇ ਉਸ ਦੀ ਗੱਲ ਮੰਨਦੇ ਹਾਂ। ਅਸੀਂ ਵਿਸ਼ਵਾਸ ਨਾਲ ਹੁਕਮ ਮੰਨਦੇ ਹਾਂ ਕਿਉਂਕਿ ਸਾਡਾ ਵਿਸ਼ਵਾਸ ਹੈ ਕਿ ਖ਼ੁਦਾ ਸਾਨੂੰ ਆਪਣੇ ਵਾਅਦੇ ਮੁਤਾਬਕ ਉਸਦਾ ਇਨਾਮ ਦਏਗਾ। ਜੋ ਬਰਕਤਾਂ ਖ਼ੁਦਾ ਸਾਨੂੰ ਦਿੰਦਾ ਹੈ ਉਨ੍ਹਾਂ ਨੂੰ ਉਹਦੇ ਕੰਮ ਨਾਲ ਪੂਰਾ ਕੀਤਾ ਜਾਂਦਾ ਹੈ ਭਾਵ ਉਨ੍ਹਾਂ ਨੂੰ ਉਨ੍ਹਾਂ ਕੰਮਾਂ ਨਾਲ ਹਾਸਲ ਨਹੀਂ ਕੀਤਾ ਜਾਂਦਾ ਜੋ ਉਹ ਸਾਨੂੰ ਆਪਣੇ ਵਿਸ਼ਵਾਸ ਨੂੰ ਵਿਖਾਉਣ ਲਈ ਆਖਦਾ ਹੈ।

ਜੋ ਲੋਕ ਇਹ ਸਿਖਾਉਂਦੇ ਹਨ ਕਿ ਬਪਤਿਸਮੇ ਦੀ ਕੋਈ ਲੋੜ ਨਹੀਂ ਹੈ ਉਨ੍ਹਾਂ ਦੀ ਸਿੱਖਿਆ ਦਾ ਅਧਾਰ ਪੌਲੁਸ ਦੇ ਲੇਖਾਂ ਵਿਚ ''ਨਿਰ੍ਹਾ ਵਿਸ਼ਵਾਸ'' ਹੈ। ਪਰ ਇਸ ਵਿਚ ਪੌਲੁਸ ਦੀ ਸਿੱਖਿਆ ਨੂੰ ਸਮਝਣ ਵਿਚ ਘਾਟ ਨਜ਼ਰ ਆਉਂਦੀ ਹੈ ਅਤੇ ਇਸ ਨਾਲ ਪੌਲੁਸ ਹੀ ਯਿਸੂ ਅਤੇ ਨਵੇਂ ਨੇਮ ਦੇ ਸ਼ਬਦਾਂ ਦਾ ਵਿਰੋਧ ਕਰਦਾ ਲਗਦਾ ਹੈ। ਯਿਸੂ ਨੇ ਆਖਿਆ ਕਿ ਰਾਜ ਵਿਚ ਵੜਨ ਵਾਲੇ ਸਿਰਫ ਉਹੀ ਲੋਕ ਹਨ ਜੋ ਪਿਤਾ ਦੀ ''ਮਰਜ਼ੀ ਤੇ'' ਚੱਲਦੇ ਹਨ (ਮੱਤੀ 7:21)। ਉਸ ਨੇ ਕਿਹਾ ਕਿ ਉਹ ਲੋਕ ਮੁਬਾਰਕ ਹਨ ਕਿਉਂਕਿ ਉਨ੍ਹਾਂ ਨੇ ਖ਼ੁਦਾ ਦੇ ਵਚਨ ਨੂੰ ਸੁਣ ਕੇ ਉਸ ਨੂੰ ''ਮੰਨਿਆ'' ਹੈ (ਲੂਕਾ 11:28)। ਇਸ ਦੇ ਇਲਾਵਾ ਉਸ ਨੇ ਲੋਕਾਂ ਨੂੰ ''ਉਸ ਭੋਜਨ ਲਈ ਜੋ ਹਮੇਸ਼ਾ ਦੀ ਜ਼ਿੰਦਗੀ ਤਕ ਠਹਿਰਦਾ ਹੈ'' ਮਿਹਨਤ ਕਰਨ ਲਈ ਕਿਹਾ ਸੀ (ਯੂਹੰਨਾ 6:27)। ਯਾਕੂਬ ਨੇ ਦੱਸਿਆ ਕਿ ''ਮਨੁੱਖ ਨਿਰੇ ਵਿਸ਼ਵਾਸ ਨਾਲ ਹੀ ਨਹੀਂ ਬਲਕਿ ਅਮਲਾਂ ਨਾਲ ਵੀ ਧਰਮੀ ਠਹਿਰਦਾ ਹੈ'' (ਯਾਕੂਬ 2:24)। ਪਤਰਸ ਨੇ ਸਮਝਾਇਆ ਕਿ ਸਾਡੇ ਮਨਾਂ ਨੂੰ ''ਸਚਿਆਈ ਦੇ ਮੰਨਣ'' ਨਾਲ ਪਵਿੱਤਰ ਕੀਤਾ ਗਿਆ ਹੈ (1 ਪਤਰਸ 1:22)। ਯੂਹੰਨਾ ਨੇ ਲਿਖਿਆ ਕਿ ਜੇ ਅਸੀਂ ਉਸਦੇ ਹੁਕਮਾਂ ਨੂੰ ਮੰਨਦੇ ਹਾਂ ਤਾਂ ''ਸਾਨੂੰ ਪਤਾ ਹੁੰਦਾ ਹੈ ਕਿ ਅਸੀਂ ਉਸ ਵਿਚ ਹਾਂ'' ਅਤੇ ''ਅਸੀਂ ਜਾਣਦੇ ਹਾਂ ਕਿ ਉਹ ਸਾਡੇ ਵਿਚ ਬਣਿਆ ਰਹਿੰਦਾ ਹੈ'' (1 ਯੂਹੰਨਾ 2:3–5;3:24)।

''ਨਿਰ੍ਹੇ ਵਿਸ਼ਵਾਸ'' ਦੀ ਸਿੱਖਿਆ ਪੌਲੁਸ ਨੂੰ ਵੀ ਉਲਝਣ ਵਿਚ ਪਾ ਦਿੰਦੀ ਹੈ, ਕਿਉਂਕਿ ਉਸਨੇ ਲਿਖਿਆ ਕਿ ਹਮੇਸ਼ਾ ਦੀ ਜ਼ਿੰਦਗੀ ਉਨ੍ਹਾਂ ਨੂੰ ਦਿੱਤੀ ਗਈ ਹੈ ''ਜਿਹੜੇ ਸ਼ੁਭ ਕਰਮਾਂ ਵਿਚ ਦ੍ਰਿੜ੍ਹ ਹੋ ਕੇ ਮਹਿਮਾ, ਆਦਰ ਅਤੇ ਅਵਿਨਾਸ਼ ਨੂੰ ਭਾਲਦੇ ਹਨ'' (ਰੋਮੀਆਂ 2:7)। ਉਸਨੇ ਅੱਗੇ ਕਿਹਾ ''ਕਿ ... ਜਿਸ ਸਿੱਖਿਆ ਦੇ ਸੱਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ'' (ਰੋਮੀਆਂ

6:17, 18); ''ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਨਿਭਾਓ'' (ਫ਼ਿਲਿੱਪੀਆਂ 2:12ਅ)। ਇਬਰਾਨੀਆਂ 5:9 ਵਿਚ ਅਸੀਂ ਪੜ੍ਹਦੇ ਹਾਂ ਕਿ ਯਿਸੂ ''ਉਨ੍ਹਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ।''

ਬਪਤਿਸਮਾ ਉਹ ਕੰਮ ਨਹੀਂ ਹੈ ਜੋ ਆਪਣੇ ਆਪ ਵਿਚ ਪਾਪਾਂ ਨੂੰ ਮਿਟਾ ਦਿੰਦਾ ਹੈ, ਸਗੋਂ ਇਹ ਯਿਸੂ ਦੇ ਕੰਮ ਵਿਚ ਵਿਸ਼ਵਾਸ ਤੇ ਅਧਾਰਿਤ ਹੈ। ਇਸ ਤੱਥ ਦਾ ਭਾਵ ਇਹ ਹੈ ਕਿ ਖ਼ੁਦਾ ਦੇ ਕੰਮ ਵਿਚ ਵਿਸ਼ਵਾਸ ਕਰਨ ਲਈ ਪ੍ਰੇਰਣਾ ਦੇਣ ਵਾਲੇ ਕੰਮ ਕਰਕੇ ਵਿਸ਼ਵਾਸ ਨੂੰ ਮੰਨਣ ਦਾ ਹੀ ਫਲ ਮਿਲਦਾ ਹੈ।

---

## ''ਪਰਮੇਸੁਰ ਦੇ ਪੁੱਤਰ'' (ਗਲਾਤੀਆਂ 3:26)

''ਪਰਮੇਸ਼ੁਰ ਦੇ ਪੁੱਤਰ'' ਸ਼ਬਦ ਵਿਚ (1) ਮੂਲ, (2) ਸਬੰਧ ਅਤੇ (3) ਸੁਭਾਅ ਸ਼ਾਮਿਲ ਹਨ। ਅਸੀਂ ਖ਼ੁਦਾ ਦੇ ਬੇਟੇ ਹਾਂ, ਪਹਿਲਾਂ ਤਾਂ ਆਪਣੇ ਰੂਹਾਨੀ ਮੂਲ ਦੇ ਕਾਰਣ ਖ਼ੁਦਾ ਤੋਂ ਰੂਹਾਨੀ ਤੌਰ ਤੇ ਪੈਦਾ ਹੋਣਾ ਸਾਨੂੰ ਉਸ ਦੇ ਪੁੱਤਰ ਬਣਾਉਂਦਾ ਹੈ। ਜਿਵੇਂ ਬੱਚੇ ਆਪਣੇ ਮਾਪਿਆਂ ਤੋਂ ਪੈਦਾ ਹੁੰਦੇ ਹਨ, ਇਵੇਂ ਹੀ ਖ਼ੁਦਾ ਤੋਂ ਪੈਦਾ ਹੋਏ ਲੋਕ ਉਹਦੀ ਸੰਤਾਨ ਹਨ। ਜੇ ਅਸੀਂ ਯਿਸੂ ਵੱਲੋਂ ਦੱਸਿਆ ਨਵਾਂ ਜਨਮ ਲੈ ਲਿਆ ਹੈ (ਯੂਹੰਨਾ 3–5; ਵੇਖੋ 1 ਪਤਰਸ 1:3, 23), ਤਾਂ ਅਸੀਂ ਖ਼ੁਦਾ ਦੀ ਸੰਤਾਨ ਹਾਂ ਕਿਉਂਕਿ ਅਸੀਂ ਖ਼ੁਦਾ ਤੋਂ ਪੈਦਾ ਹੋਏ (ਯੂਹੰਨਾ 1:13)। ਦੂਜਾ ਅਸੀਂ ਖ਼ੁਦਾ ਦੇ ਬੇਟੇ ਭਾਵ ਉਸ ਦੀ ਸੰਤਾਨ ਹਾਂ, ਕਿਉਂਕਿ ਰੂਹਾਨੀ ਤੌਰ ਤੇ ਸਾਡਾ ਉਸ ਨਾਲ ਰਿਸ਼ਤਾ ਬਣ ਗਿਆ ਹੈ। ਮਰਕੁਸ ਨੂੰ ਆਪਣਾ ਪੁੱਤਰ ਕਹਿ ਕੇ ਪਤਰਸ ਨੇ ''ਪੁੱਤਰ'' ਦੀ ਵਰਤੋਂ ਇਸੇ ਅਰਥ ਵਿਚ ਕੀਤੀ (1 ਪਤਰਸ 5:13), ਜਿਸ ਦਾ ਅਰਥ ਇਹ ਹੈ ਕਿ ਮਰਕੁਸ ਰੂਹਾਨੀ ਤੌਰ ਤੇ ਛੋਟੇ ਰੂਹਾਨੀ ਪੁੱਤਰ ਦੇ ਰੂਪ ਵਿਚ ਉਸ ਨਾਲ ਰਿਸ਼ਤਾ ਰੱਖਦਾ ਸੀ।

ਤੀਜਾ, ਅਸੀਂ ਖ਼ੁਦਾ ਦੇ ਪੁੱਤਰ ਹਾਂ ਕਿਉਂਕਿ ਰੂਹਾਨੀ ਤੌਰ ਤੇ ਦੁਬਾਰਾ ਪੈਦਾ ਹੋਣ ਕਰਕੇ ਸਾਨੂੰ ਉਸ ਦਾ ਸੁਭਾਅ ਮਿਲ ਜਾਂਦਾ ਹੈ, ਭਾਵ ਓਸੇ ਦਾ ਸੁਭਾਅ ਜਿਸ ਤੋਂ ਅਸੀਂ ਪੈਦਾ ਹੋਏ ਹਾਂ। 1 ਯੂਹੰਨਾ ਵਿਚ ਪਤਾ ਲਗਦਾ ਹੈ ਕਿ ਜੇ ਅਸੀਂ ਖ਼ੁਦਾ ਤੋਂ ਪੈਦਾ ਹੋਏ ਹਾਂ, ਤਾਂ ਅਸੀਂ ਪਾਪ ਨਹੀਂ ਕਰਦੇ (3:9; 5:18)। ਅਸੀਂ ਖ਼ੁਦਾ ਨੂੰ ਪਿਆਰ ਕਰਦੇ ਅਤੇ ਜਾਣਦੇ ਹਾਂ (4:7), ਯਿਸੂ ਵਿਚ ਵਿਸ਼ਵਾਸ ਰੱਖਦੇ (5:1), ਸੰਸਾਰ ਉੱਤੇ ਫ਼ਤਹਿ ਪਾਉਂਦੇ (5:4) ਅਤੇ ਆਪਣੇ ਆਪ ਨੂੰ ਬਚਾਅ ਕੇ ਰੱਖਦੇ ਹਾਂ ਤਾਂ ਜੋ ਸ਼ੈਤਾਨ ਸਾਨੂੰ ਛੂਹ ਨਾ ਸਕੇ (5:18)।

*huioi* ਸ਼ਬਦ ਜਿਸ ਦਾ ਅਨੁਵਾਦ ''ਪੁੱਤਰ'' ਜਾਂ ''ਸੰਤਾਨ'' ਹੋਇਆ ਹੈ, ਵਿਚ ਉਸ ਦੇ ਸੁਭਾਅ ਹੋਣ ਦਾ ਵਿਚਾਰ ਹੋ ਸਕਦਾ ਹੈ ਜਿਸ ਦੇ ਅਸੀਂ ਪੁੱਤਰ ਜਾਂ ਸੰਤਾਨ ਹਾਂ। ''ਪੁੱਤਰ'' ਸ਼ਬਦ ਦੀ ਵਰਤੋਂ ਹੇਠ ਲਿਖੀਆਂ ਆਇਤਾਂ ਵਿਚ ਇਸ ਅਰਥ ਵਿਚ ਦਿੱਤੀ ਗਈ ਹੈ:

''ਨਰਕ ਦਾ ਪੁੱਤਰ'' (ਮੱਤੀ 23:15)
''ਗਰਜਣ ਦੇ ਪੁੱਤਰ'' (ਮਰਕੁਸ 3:17)।
''ਸ਼ਾਂਤੀ ਦਾ ਪੁੱਤਰ *[ਯੂ.: huios]*'' (ਲੂਕਾ 10:6)।
''ਇਸ ਯੁੱਗ ਦੇ ਪੁੱਤਰ'' (ਲੂਕਾ 16:8; 20:34)।
''ਚਾਨਣ ਦੇ ਪੁੱਤਰ'' (ਲੂਕਾ 16:8; ਯੂਹੰਨਾ 12:36; 1 ਥੱਸਲੁਨੀਕੀਆਂ 5:5)।
''ਕਿਆਮਤ ਦੇ ਪੁੱਤਰ'' (ਲੂਕਾ 20:36)।

''ਨਾਸ ਦਾ ਪੁੱਤਰ'' (ਯੂਹੰਨਾ 17:12)।
''ਉਪਦੇਸ਼ ਦਾ ਪੁੱਤਰ'' (ਰਸੂਲਾਂ ਦੇ ਕੰਮ 4:36)।
''ਸ਼ੈਤਾਨ ਦੇ ਬੱਚੇ'' (ਰਸੂਲਾਂ ਦੇ ਕੰਮ 13:10)।
''ਅਣਆਗਿਆਕਾਰਤਾ ਦੇ ਪੁੱਤਰ'' (ਅਫ਼ਸੀਆਂ 2:2; 5:6)।
''ਦਿਨ ਦੇ ਪੁੱਤਰ'' (1 ਥੱਸਲੁਨੀਕੀਆਂ 5:5)।
''ਵਿਨਾਸ਼ ਦਾ ਪੁੱਤਰ'' (2 ਥੱਸਲੁਨੀਕੀਆਂ 2:3)।

ਇਨ੍ਹਾਂ ਵਿੱਚੋਂ ਹਰ ਆਇਤ ਵਿਚ ''ਦਾ [ਦੇ] ਪੁੱਤਰ'' ਤੋਂ ਭਾਵ ਉਹੀ ਸੁਭਾਅ ਵਾਲੇ ਹੋਣਾ ਹੈ। ਅਸੀਂ ਖ਼ੁਦਾ ਦੀ ਸੰਤਾਨ ਹਾਂ ਕਿਉਂਕਿ ਉਸ ਤੋਂ ਪੈਦਾ ਹੋਣ ਕਰਕੇ ਸਾਨੂੰ ਉਸ ਤੋਂ ਰੂਹਾਨੀ ਮੂਲ ਮਿਲਿਆ ਹੈ ਅਤੇ ਉਸ ਨਾਲ ਸਾਡਾ ਰੂਹਾਨੀ ਰਿਸ਼ਤਾ ਹੈ ਅਤੇ ਸਾਡੇ ਵਿਚ ਉਸ ਦੇ ਸੁਭਾਅ ਦੀਆਂ ਖ਼ਾਨਦਾਨੀ ਖੂਬੀਆਂ ਹਨ।